r_emiro.Giunta - Prot. 23/04/2021.0390279.U

21/04/2021 ਦਾ ਸੰਸਕਰਨ 02.

**COVID-19 ਵੈਕਸੀਨੇਸ਼ਨ ਸਹਿਮਤੀ ਫਾਰਮ ਦੇ ਨਾਲ ਨੱਥੀ: ਜਾਣਕਾਰੀ ਪਰਚਾ**

# ਜੈਨਸੇਨ COVID-19 ਵੈਕਸਿਨ

## ਜੈਨਸੇਨ COVID-19 ਵੈਕਸਿਨ ਕੀ ਹੈ ਅਤੇ ਇਸ ਦੀ ਵਰਤੋਂ ਕਿਸ ਚੀਜ਼ ਦੇ ਲਈ ਕੀਤੀ ਜਾਂਦੀ ਹੈ

ਜੈਨਸੇਨ COVID-19 ਵੈਕਸਿਨ SARS-CoV-2 ਵਾਇਰਸ ਕਰਕੇ ਹੋਈ COVID-19 ਬਿਮਾਰੀ ਨੂੰ ਰੋਕਣ ਦੇ ਲਈ ਵਰਤੀ ਜਾਣ ਵਾਲੀ ਵੈਕਸਿਨ ਹੈ। ਜੈਨਸੇਨ COVID-19 ਵੈਕਸਿਨ 18 ਸਾਲਾਂ ਜਾਂ ਵੱਧ ਉਮਰ ਦੇ ਬਾਲਗਾਂ ਨੂੰ ਦਿੱਤੀ ਜਾਂਦੀ ਹੈ। ਇਹ ਵੈਕਸਿਨ ਵਾਇਰਸ ਦੇ ਖਿਲਾਫ ਲੜਨ, COVID-19 ਬਿਮਾਰੀ ਤੋਂ ਰੱਖਿਆ ਕਰਨ ਦੇ ਲਈ ਐਂਟੀਬੌਡੀਜ਼ ਅਤੇ ਖੂਨ ਦੀਆਂ ਕੋਸ਼ਿਕਾਵਾਂ ਉਤਪੰਨ ਕਰਨ ਦੇ ਲਈ ਰੱਖਿਆ ਪ੍ਰਣਾਲੀ (ਸ਼ਰੀਰ ਦੇ ਕੁਦਰਤੀ ਰਖਵਾਲਿਆਂ) ਨੂੰ ਕਾਰਜਸ਼ੀਲ ਕਰਦੀ ਹੈ। ਇਸ ਵੈਕਸਿਨ ਵਿੱਚ ਕੋਈ ਵੀ ਸਮਗਰੀ COVID-19 ਦਾ ਕਾਰਨ ਨਹੀਂ ਬਣ ਸਕਦੀ ਹੈ।

## ਜੈਨਸੇਨ COVID-19 ਵੈਕਸਿਨ ਲੈਣ ਤੋਂ ਪਹਿਲਾਂ ਤੁਹਾਨੂੰ ਕੀ ਪਤਾ ਹੋਣਾ ਚਾਹੀਦਾ ਹੈ

ਜੈਨਸੇਨ COVID-19 ਵੈਕਸਿਨ ਉਸ ਸਥਿਤੀ ਵਿੱਚ ਨਹੀਂ ਦਿੱਤੀ ਜਾਣੀ ਚਾਹੀਦੀ ਜੇਕਰ ਤੁਹਾਨੂੰ ਇਸ ਦਵਾਈ (ਹੇਠਾਂ ਸੂਚੀਬੱਧ) ਦੀ ਕਿਸੇ ਵੀ ਕਾਰਜਸ਼ੀਲ ਸਮੱਗਰੀ ਜਾਂ ਕਿਸੇ ਹੋਰ ਸਮੱਗਰੀ ਦੇ ਪ੍ਰਤੀ ਐਲਰਜੀ ਹੈ।

## ਚੇਤਾਵਨੀਆਂ ਅਤੇ ਸਾਵਧਾਨੀਆਂ

ਵੈਕਸਿਨ ਲੈਣ ਤੋਂ ਪਹਿਲਾਂ ਵੈਕਸੀਨੇਸ਼ਨ ਕੇਂਦਰ ਵਿਖੇ ਡਾਕਟਰ ਜਾਂ ਸਿਹਤ ਦੇਖਭਾਲ ਪੇਸ਼ੇਵਰ ਦੇ ਨਾਲ ਗੱਲ ਕਰੋ ਜੇਕਰ:

- ਤੁਹਾਨੂੰ ਕਦੇ ਵੀ ਕਿਸੇ ਹੋਰ ਵੈਕਸਿਨ ਟੀਕੇ ਤੋਂ ਗੰਭੀਰ ਐਲਰਜੀ ਦੀ ਪ੍ਰਤੀਕਿਰਿਆ ਹੋਈ ਹੈ;
- ਤੁਸੀਂ ਸੂਈ ਵਾਲਾ ਟੀਕਾ ਲੱਗਣ ਤੋਂ ਬਾਅਦ ਬੇਹੋਸ਼ ਹੋਏ ਹੋ;
- ਤੁਹਾਨੂੰ ਤੇਜ਼ ਬੁਖਾਰ (38 °C ਤੋਂ ਵੱਧ) ਦੇ ਨਾਲ ਗੰਭੀਰ ਸੰਕ੍ਰਮਣ ਹੈ। ਹਾਲਾਂਕਿ, ਜੇਕਰ ਤੁਹਾਨੂੰ ਹਲਕਾ ਜਿਹਾ ਬੁਖਾਰ ਹੈ ਜਾਂ ਉੱਪਰਲੇ ਸਾਹ ਮਾਰਗ ਸੰਬੰਧੀ ਸੰਕ੍ਰਮਣ ਹੈ, ਜਿਵੇਂ ਕਿ ਜ਼ੁਕਾਮ, ਤਾਂ ਤੁਸੀਂ ਫਿਰ ਵੀ ਵੈਕਸਿਨ ਲੈ ਸਕਦੇ ਹੋ;
- ਤੁਹਾਨੂੰ ਖੂਨ ਵਗਣ ਦੀਆਂ ਸਮੱਸਿਆਵਾਂ ਹਨ ਜਾਂ ਜੇਕਰ ਤੁਹਾਨੂੰ ਅਸਾਨੀ ਨਾਲ ਜ਼ਖਮ ਹੋ ਜਾਂਦੇ ਹਨ ਜਾਂ ਜੇਕਰ ਤੁਸੀਂ ਐਂਟੀਕੋਗੁਲੈਂਟ ਦਵਾਈ ਲੈ ਰਹੇ ਹੋ (ਖੂਨ ਨੂੰ ਜੰਮਣ ਤੋਂ ਰੋਕਣ ਦੇ ਲਈ);
- ਤੁਹਾਡੀ ਰੱਖਿਆ ਪ੍ਰਣਾਲੀ ਵਧੀਆ ਨਹੀਂ ਹੈ (ਇਮੀਊਨੋਡੈਫੀਸ਼ਿਐਂਸੀ) ਜਾਂ ਜੇਕਰ ਤੁਸੀਂ ਅਜਿਹੀ ਦਵਾਈ ਲੈ ਰਹੇ ਹੋ ਜੋ ਤੁਹਾਡੀ ਰੱਖਿਆ ਪ੍ਰਣਾਲੀ ਨੂੰ ਪ੍ਰਭਾਵਤ ਕਰਦੀ ਹੈ (ਜਿਵੇਂ ਕਿ ਵੱਧ ਖੁਰਾਕ ਵਿੱਚ ਕੋਰਟੀਕੋਸਟੇਰੋਇਡ, ਇਮਿਊਨੋਸਪਰੈਸੰਟ, ਜਾਂ ਐਂਟੀ-ਕੈਂਸਰ ਦਵਾਈਆਂ)।

ਜੈਨਸੇਨ COVID-19 ਵੈਕਸਿਨ ਲੈਣ ਤੋਂ ਬਾਅਦ, ਕਦੇ-ਕਦਾਈਂ ਖੂਨ ਜੰਮ ਸਕਦਾ ਹੈ ਜਾਂ ਖੂਨ ਵਿੱਚ ਪਲੇਟਲੇਟ ਦੀ ਸੰਖਿਆ ਘੱਟ ਹੋ ਸਕਦੀ ਹੈ। ਇਸ ਸਥਿਤੀ ਵਿੱਚ ਵਿਸ਼ੇਸ਼ ਸਥਾਨਾਂ (ਜਿਵੇਂ ਕਿ ਦਿਮਾਗ, ਅੰਤੜੀ, ਗੁਰਦਾ, ਤਿਲੀ) ਵਿੱਚ ਖੂਨ ਜੰਮਣ ਅਤੇ ਕਦੇ-ਕਦਾਈਂ ਖੂਨ ਵਗਣ ਦੇ ਸਮੇਤ ਗੰਭੀਰ ਮਾਮਲੇ ਹਨ। ਇਹ ਮਾਮਲੇ ਵੈਕਸੀਨੇਸ਼ਨ ਤੋਂ ਬਾਅਦ ਤਿੰਨ ਹਫਤਿਆਂ ਵਿੱਚ ਹੋਏ ਅਤੇ ਜ਼ਿਆਦਾਤਰ 60 ਤੋਂ ਘੱਟ ਉਮਰ ਦੀਆਂ ਔਰਤਾਂ ਵਿੱਚ। ਇਸ ਸਥਿਤੀ ਕਰਕੇ ਮੌਤਾਂ ਵੀ ਹੋਈਆਂ ਹਨ।

ਜੇਕਰ ਵੈਕਸੀਨੇਸ਼ਨ ਤੋਂ ਬਾਅਦ ਕੁਝ ਦਿਨਾਂ ਵਿੱਚ, ਤੁਸੀਂ ਗੰਭੀਰ ਜਾਂ ਨਿਰੰਤਰ ਸਿਰ ਦਰਦ ਜਾਂ ਧੁੰਧਲੀ ਨਜ਼ਰ ਦਾ ਅਨੁਭਵ ਕਰਦੇ ਹੋ, ਜਾਂ ਵੈਕਸੀਨੇਸ਼ਨ ਦਿੱਤੇ ਜਾਣ ਦੇ ਅੰਗ ਤੋਂ ਸਿਵਾਏ ਕਿਸੇ ਹੋਰ ਅੰਗ ਦੀ ਚਮੜੀ 'ਤੇ ਨਾ ਉਮੀਦ ਕੀਤੇ ਗਏ ਜ਼ਖਮ ਹੁੰਦੇ ਹਨ, ਅਤੇ ਨਾਲ ਹੀ ਸਾਹ ਲੈਣ ਵਿੱਚ ਕਮੀ, ਛਾਤੀ ਦਾ ਦਰਦ, ਲੱਤਾਂ ਵਿੱਚ ਸੋਜ ਜਾਂ ਪੇਟ ਵਿੱਚ ਲਗਾਤਾਰ ਦਰਦ ਹੁੰਦਾ ਹੈ ਤਾਂ ਤੁਰੰਤ ਡਾਕਟਰੀ ਸਹਾਇਤਾ ਲਓ। ਇਹਨਾਂ ਮਾਮਲਿਆਂ ਵਿੱਚ, ਡਾਕਟਰ ਨੂੰ ਦੱਸੋ ਕਿ ਤੁਹਾਨੂੰ ਹਾਲ ਹੀ ਵਿੱਚ ਜੈਨਸੇਨ COVID-19 ਵੈਕਸਿਨ ਦਿੱਤੀ ਗਈ ਹੈ।

20 ਅਪ੍ਰੈਲ 2021 ਨੂੰ ਹੋਈ EMA ਦੀ ਸੁਰੱਖਿਆ ਕਮੇਟੀ (PRAC) ਨੇ ਸਾਰ ਕੱਢਿਆ ਕਿ COVID-19 ਦੇ ਵਰਤਮਾਨ ਵਿੱਚ ਵੀ ਭਿਆਨਕ ਖਤਰੇ (ਜੋ ਕਿ ਆਪਣੇ ਆਪ ਵਿੱਚ ਖੂਨ ਜੰਮਣ ਦਾ ਕਾਰਨ ਬਣਦੇ ਹਨ ਅਤੇ ਜਾਨਲੇਵਾ ਹੋ ਸਕਦੇ ਹਨ) ਦੇ ਨਾਲ ਲੜਨ ਦੇ ਲਈ ਜੈਨਸੇਨ COVID-19 ਵੈਕਸਿਨ ਦੇ ਲਾਭ ਗੰਭੀਰ ਪ੍ਰਭਾਵਾਂ ਦੇ ਜੋਖਿਮਾਂ ਤੋਂ ਵੱਧ ਹਨ।

## ਹੋਰ ਦਵਾਈਆਂ ਅਤੇ ਜੈਨਸੇਨ COVID-19 ਵੈਕਸਿਨ

ਜੇਕਰ ਤੁਸੀਂ ਕਿਸੇ ਹੋਰ ਦਵਾਈ ਦੀ ਵਰਤੋਂ ਕਰ ਰਹੇ ਹੋ, ਹਾਲ ਹੀ ਵਿੱਚ ਵਰਤੋਂ ਕਰ ਚੁੱਕੇ ਹੋ, ਜਾਂ ਸ਼ਾਇਦ ਹੋਰ ਦਵਾਈਆਂ ਦੀ ਵਰਤੋਂ ਕੀਤੀ ਹੋ ਸਕਦੀ ਹੈ,
ਜਾਂ ਹਾਲ ਹੀ ਵਿੱਚ ਕੋਈ ਹੋਰ ਵੈਕਸਿਨ ਪ੍ਰਾਪਤ ਕੀਤੀ ਹੈ ਤਾਂ ਵੈਕਸੀਨੇਸ਼ਨ ਕੇਂਦਰ ਵਿਖੇ ਡਾਕਟਰ ਜਾਂ ਸਿਹਤ ਦੇਖਭਾਲ ਪੇਸ਼ੇਵਰ ਨੂੰ ਦੱਸੋ।

## ਗਰਭ ਅਤੇ ਛਾਤੀ ਤੋਂ ਦੁੱਧ ਚੁੰਘਾਉਣਾ

ਜੇਕਰ ਤੁਸੀਂ ਗਰਭਵਤੀ ਹੋ, ਜਾਂ ਤੁਹਾਨੂੰ ਲੱਗਦਾ ਹੈ ਕਿ ਤੁਸੀਂ ਗਰਭਵਤੀ ਹੋ ਸਕਦੇ ਹੋ ਜਾਂ ਤੁਸੀਂ ਬੱਚਾ ਪੈਦਾ ਕਰਨ ਬਾਰੇ ਸੋਚ ਰਹੇ ਹੋ, ਜਾਂ ਜੇਕਰ ਤੁਸੀਂ ਬੱਚੇ ਨੂੰ ਛਾਤੀ ਦਾ ਦੁੱਧ ਚੁੰਘਾ ਰਹੇ ਹੋ ਤਾਂ ਇਹ ਵੈਕਸਿਨ ਲੈਣ ਤੋਂ ਪਹਿਲਾਂ ਡਾਕਟਰ ਦੀ ਸਲਾਹ ਲਓ।
ਗਰਭਵਤੀ ਔਰਤਾਂ ਵਿੱਚ ਜੈਨਸੇਨ COVID-19 ਵੈਕਸਿਨ ਦੀ ਵਰਤੋਂ ਦੇ ਨਾਲ ਸੰਬੰਧਤ ਅਨੁਭਵ ਸੀਮਤ ਹੈ। ਜੈਨਸੇਨ COVID-19 ਵੈਕਸਿਨ ਦੇ ਨਾਲ ਕੀਤੇ ਜਾਨਵਰਾਂ ਸੰਬੰਧੀ ਅਧਿਐਨ ਗਰਭ, ਭਰੂਣ/ਬੱਚੇ ਦੇ ਵਿਕਾਸ, ਜਣਨ ਯੋਗਤਾ ਜਾਂ ਜਨਮ ਤੋਂ ਬਾਅਦ ਬੱਚੇ ਦੇ ਵਿਕਾਸ ਦੇ ਸੰਬੰਧ ਵਿੱਚ ਸਿੱਧੇ ਜਾਂ ਅਸਿੱਧੇ ਖਤਰਨਾਕ ਪ੍ਰਭਾਵ ਨਹੀਂ ਦਿਖਾਉਂਦੇ ਹਨ। ਗਰਭ ਦੇ ਦੌਰਾਨ ਜੈਨਸੇਨ COVID-19 ਵੈਕਸਿਨ ਦੇਣ ਬਾਰੇ ਕੇਵਲ ਤਾਂ ਹੀ ਵਿਚਾਰ ਕਰਨਾ ਚਾਹੀਦਾ ਹੈ ਜੇਕਰ ਸੰਭਾਵਤ ਲਾਭ ਮਾਤਾ ਅਤੇ ਬੱਚੇ ਨੂੰ ਹੋਣ ਵਾਲੇ ਸੰਭਾਵਤ ਜੋਖਿਮਾਂ ਤੋਂ ਵੱਧ ਹੋਣ।

r_emiro.Giunta - Prot. 23/04/2021.0390279.U



## ਸੁਰੱਖਿਆ ਦੀ ਮਿਆਦ ਅਤੇ ਵੈਕਸਿਨ ਦੀ ਕਾਰਜਸ਼ੀਲਤਾ ਦੀਆਂ ਸੀਮਾਵਾਂ

ਵੈਕਸਿਨ ਨਾਲ ਹੋਣ ਵਾਲੀ ਸੁਰੱਖਿਆ ਦੀ ਮਿਆਦ ਅਗਿਆਤ ਹੈ ਅਤੇ ਇਸ ਦਾ ਹਾਲੇ ਵੀ ਚਾਲੂ ਕਲੀਨਿਕਲ ਟ੍ਰਾਇਲਾਂ ਦੇ ਨਾਲ ਨਿਰਧਾਰਨ ਕੀਤਾ ਜਾ ਰਿਹਾ ਹੈ। ਸੁਰੱਖਿਆ ਵੈਕਸੀਨੇਸ਼ਨ ਤੋਂ ਲਗਭਗ 14 ਦਿਨਾਂ ਬਾਅਦ ਸ਼ੁਰੂ ਹੁੰਦੀ ਹੈ। ਅਤੇ ਜਿੱਥੋਂ ਤੱਕ ਵੈਕਸਿਨ ਦੀ ਗੱਲ ਹੈ ਤਾਂ ਜੈਨਸੇਨ COVID-19 ਵੈਕਸਿਨ ਦੇ ਨਾਲ ਵੈਕਸੀਨੇਟ ਹੋਣ ਨਾਲ ਸਾਰੇ ਵੈਕਸਿਨ ਲਾਭਪਾਤਰਾਂ ਦੀ ਰੱਖਿਆ ਸ਼ਾਇਦ ਨਾ ਹੋਵੇ। ਇਸਲਈ ਪਲਬਿਕ ਸਿਹਤ ਸਲਾਹ (ਮਾਸਕ, ਸਮਾਜਿਕ ਦੂਰੀ ਅਤੇ ਲਗਾਤਾਰ ਹੱਥ ਧੋਣ ਦੀ ਕਿਰਿਆ) ਦਾ ਦ੍ਰਿੜਤਾ ਨਾਲ ਪਾਲਣ ਕਰਨਾ ਜਾਰੀ ਰੱਖਣਾ ਜ਼ਰੂਰੀ ਹੈ।

## ਜੈਨਸੇਨ COVID-19 ਵੈਕਸਿਨ ਕਿਵੇਂ ਦਿੱਤੀ ਜਾਂਦੀ ਹੈ

ਜੈਨਸੇਨ COVID-19 ਵੈਕਸਿਨ ਇੱਕ ਖੁਰਾਕ ਵਿੱਚ ਦਿੱਤੀ ਜਾਂਦੀ ਹੈ (ਬੂਸਟਰ ਦੀ ਲੋੜ ਤੋਂ ਬਿਨਾਂ) ਅਤੇ ਇਹ ਬਾਂਹ ਦੇ ਉੱਪਰਲੇ ਹਿੱਸੇ ਦੀ ਮਾਸਪੇਸ਼ੀ ਵਿੱਚ ਦਿੱਤੀ ਜਾਂਦੀ ਹੈ (ਇੰਟਰਾਮਸਕੁਲਰ ਇੰਜੈਕਸ਼ਨ)।

## ਸੰਭਾਵਤ ਮਾੜੇ ਪ੍ਰਭਾਵ

ਸਾਰੀਆਂ ਵੈਕਸਿਨਾਂ ਦੇ ਵਾਂਗ, ਜੈਨਸੇਨ COVID-19 ਵੈਕਸਿਨ ਮਾੜੇ ਪ੍ਰਭਾਵ ਪੈਦਾ ਕਰ ਸਕਦੀ ਹੈ, ਹਾਲਾਂਕਿ ਇਹ ਸਾਰਿਆਂ ਨੂੰ ਨਹੀਂ ਹੁੰਦੇ। ਜੇਕਰ ਤੁਸੀਂ ਗੰਭੀਰ ਐਲਰਜੀ ਸੰਬੰਧੀ ਪ੍ਰਤੀਕਿਰਿਆ ਦੇ ਲੱਛਣਾਂ ਦਾ ਅਨੁਭਵ ਕਰਦੇ ਹੋ ਤਾਂ ਤੁਰੰਤ **ਡਾਕਟਰੀ** ਸਹਾਇਤਾ ਲਓ; ਇਹਨਾਂ ਪ੍ਰਤੀਕਿਰਿਆਵਾਂ ਵਿੱਚ ਹੇਠਲੇ ਲੱਛਣਾਂ ਦਾ ਸੁਮੇਲ ਹੋ ਸਕਦਾ ਹੈ: ਬੇਹੋਸ਼ੀ ਜਾਂ ਚੱਕਰ ਮਹਿਸੂਸ ਕਰਨਾ; ਦਿਲ ਦੀ ਧੜਕਨ ਵਿੱਚ ਬਦਲਾਅ; ਸਾਹ ਲੈਣ ਵਿੱਚ ਕਮੀ; ਸਾਂ-ਸਾਂ ਦੀ ਅਵਾਜ਼; ਬੁਲ੍ਹਾਂ ਵਿੱਚ ਸੋਜ, ਚਿਹਰਾ ਜਾਂ ਗਲਾ; ਛਪਾਕੀ ਜਾਂ ਪਿੱਤ; ਜੀ ਕੱਚਾ ਹੋਣਾ ਜਾਂ ਉਲਟੀ ਆਉਣਾ; ਪੇਟ ਵਿੱਚ ਦਰਦ।

ਜੈਨਸੇਨ COVID-19 ਵੈਕਸਿਨ ਹੇਠਲੇ ਮਾੜੇ ਪ੍ਰਭਾਵ ਪੈਦਾ ਕਰ ਸਕਦੀ ਹੈ:

*ਬਹੁਤ ਆਮ ਮਾੜੇ ਪ੍ਰਭਾਵ* (10 ਵਿੱਚੋਂ 1 ਤੋਂ ਵੱਧ ਲੋਕਾਂ ਨੂੰ ਪ੍ਰਭਾਵਤ ਕਰ ਸਕਦੇ ਹਨ):
ਸਿਰ ਦਰਦ; ਮਾਸਪੇਸ਼ੀਆਂ ਵਿੱਚ ਦਰਦ; ਇੰਜੈਕਸ਼ਨ ਦੇ ਸਥਾਨ ‘ਤੇ ਦਰਦ; ਬਹੁਤ ਥਕਾਵਟ ਮਹਿਸੂਸ ਕਰਨਾ

*ਆਮ ਮਾੜੇ ਪ੍ਰਭਾਵ* (10 ਵਿੱਚੋਂ 1 ਤੋਂ ਵੱਧ ਲੋਕਾਂ ਨੂੰ ਪ੍ਰਭਾਵਤ ਕਰ ਸਕਦੇ ਹਨ):
ਇੰਜੈਕਸ਼ਨ ਦੇ ਸਥਾਨ ‘ਤੇ ਲਾਲੀ; ਇੰਜੈਕਸ਼ਨ ਦੇ ਸਥਾਨ ‘ਤੇ ਸੋਜ; ਕਾਂਬਾ ਛਿੜਨਾ; ਜੋੜਾਂ ਵਿੱਚ ਦਰਦ; ਬੁਖਾਰ; ਖੰਘ

*ਵਿਸ਼ੇਸ਼ ਮਾੜੇ ਪ੍ਰਭਾਵ* (100 ਵਿੱਚੋਂ 1 ਤੋਂ ਵੱਧ ਲੋਕਾਂ ਨੂੰ ਪ੍ਰਭਾਵਤ ਕਰ ਸਕਦੇ ਹਨ):
ਛਪਾਕੀ; ਮਾਂਸਪੇਸ਼ੀਆਂ ਵਿੱਚ ਕਮਜ਼ੋਰੀ; ਬਾਂਹ ਜਾਂ ਲੱਤ ਵਿੱਚ ਦਰਦ; ਕਮਜ਼ੋਰੀ ਮਹਿਸੂਸ ਕਰਨਾ; ਆਮ ਤੌਰ ‘ਤੇ ਬਿਮਾਰ ਮਹਿਸੂਸ ਕਰਨਾ; ਛਿੱਕਾਂ ਆਉਣਾ; ਗਲੇ ਵਿੱਚ ਦਰਦ; ਪਿੱਠ ਵਿੱਚ ਦਰਦ; ਕੰਬਣਾ; ਬਹੁਤ ਜ਼ਿਆਦਾ ਪਸੀਨਾ ਆਉਣਾ *ਕਦੇ-ਕਦਾਈਂ ਹੋਣ ਵਾਲੇ ਮਾੜੇ ਪ੍ਰਭਾਵ* (1000 ਵਿੱਚੋਂ 1 ਤੋਂ ਵੱਧ ਲੋਕਾਂ ਨੂੰ ਪ੍ਰਭਾਵਤ ਕਰ ਸਕਦੇ ਹਨ):
ਐਲਰਜੀ ਸੰਬੰਧੀ ਪ੍ਰਤੀਕਿਰਿਆ; ਛਪਾਕੀ

*ਬਹੁਤ ਹੀ ਕਦੇ-ਕਦਾਈਂ ਹੋਣ ਵਾਲੇ ਮਾੜੇ ਪ੍ਰਭਾਵ* (10,000 ਵਿੱਚੋਂ 1 ਤੋਂ ਵੱਧ ਲੋਕਾਂ ਨੂੰ ਪ੍ਰਭਾਵਤ ਕਰ ਸਕਦੇ ਹਨ):
ਵਿਸ਼ੇਸ਼ ਸਥਾਨਾਂ ‘ਤੇ ਖੂਨ ਦਾ ਜਮਾਅ (ਉਦਾਹਰਨ ਦੇ ਲਈ, ਦਿਮਾਗ, ਅੰਤੜੀ, ਗੁਰਦਾ, ਤਿਲੀ), ਜੋ ਕਿ ਖੂਨ ਵਿੱਚ ਪਲੇਟਲੇਟਾਂ ਦੀ ਘੱਟ ਸੰਖਿਆ ਦੇ ਨਾਲ ਸੰਬੰਧਤ ਹੈ।

*ਅਗਿਆਤ ਫ੍ਰੀਕਵੈਂਸੀ ਦੇ ਨਾਲ ਮਾੜੇ ਪ੍ਰਭਾਵ*(ਉਪਲਬਧ ਡੇਟਾ ਤੋਂ ਅੰਦਾਜ਼ਾ ਨਹੀਂ ਲਗਾਇਆ ਜਾ ਸਕਦਾ):
ਗੰਭੀਰ ਐਲਰਜੀ ਸੰਬੰਧੀ ਪ੍ਰਤੀਕਿਰਿਆ

ਜੇਕਰ ਤੁਹਾਨੂੰ ਕੋਈ ਮਾੜੇ ਪ੍ਰਭਾਵ ਹੁੰਦੇ ਹਨ, ਜੋ ਕਿ ਭਾਂਵੇਂ ਇੱਥੇ ਸੂਚੀਬੱਧ ਨਹੀਂ ਹਨ, ਤਾਂ ਆਪਣੇ ਡਾਕਟਰ ਦੇ ਨਾਲ ਗੱਲ ਕਰੋ ਜਾਂ ਵੈਕਸੀਨੇਸ਼ਨ ਕੇਂਦਰ ਦੇ ਨਾਲ ਗੱਲ ਕਰੋ।

ਤੁਸੀਂ ਰਾਸ਼ਟਰੀ ਰਿਪੋਰਟਿੰਗ ਪ੍ਰਣਾਲੀ ਦੇ ਰਾਹੀਂ ਸਿੱਧੇ ਵੀ ਕਿਸੇ ਮਾੜੇ ਪ੍ਰਭਾਵ ਦੀ ਰਿਪੋਰਟਿੰਗ ਕਰ ਸਕਦੇ ਹੋ (https://www.aifa.gov.it/content/segnalazioni-reazioni-avverse).

## ਜੈਨਸੇਨ COVID-19 ਵੈਕਸਿਨ ਵਿੱਚ ਕੀ ਹੁੰਦਾ ਹੈ

ਸਰਗਰਮ ਸਮੱਗਰੀ ਇੱਕ ਰੀਕੋਂਬੀਨੈਂਟ, ਰੈਪਲੀਕੇਸ਼ਨ-ਅਯੋਗ ਏਡੈਨੋਵਾਇਰਸ ਕਿਸਮ 26 ਹੈ ਜੋ ਕਿ SARS-CoV-2 ਸਪਾਈਕ ਪ੍ਰੋਟੀਨ ਦੇ ਗੁਣ ਦਿਖਾ ਰਹੀ ਹੈ।

ਇਸ ਉਤਪਾਦ ਵਿੱਚ ਜਿਨਸੀ ਤੌਰ ‘ਤੇ ਸੰਸ਼ੋਧਿਤ ਜੀਵ (GMO) ਹਨ।

ਹੋਰਾਂ ਗੈਰ-ਸਰਗਰਮ ਸਮੱਗਰੀਆਂ ਵਿੱਚ ਸ਼ਾਮਲ ਹਨ: 2-ਹਾਈਡ੍ਰੋਕਸੀਪ੍ਰੋਪਾਈਲ-β-ਸਾਈਕਲੋਡੈਕਸਟ੍ਰਿਨ (HBCD); ਸਿਟਰਿਕ ਐਸਿਡ ਮੋਨੋਹਾਈਡ੍ਰੇਟ; ਈਥੇਨੋਲ; ਹਾਈਡ੍ਰੋਕਲੋਰਿਕ ਐਸਿਡ; ਪੋਲੀਸੋਰਬੇਟ-80; ਸੋਡੀਅਮ ਕਲੋਰਾਈਡ; ਸੋਡੀਅਮ ਹਾਈਡ੍ਰੋਕਸਾਈਡ; ਟ੍ਰਾਈਸੋਡੀਅਮ ਸਾਈਟ੍ਰੇਟ ਡਾਈਹਾਈਡ੍ਰੇਟ; ਇੰਜੈਕਸ਼ਨਾਂ ਦੇ ਲਈ ਪਾਣੀ।